# ELECTION CELL

ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕਮ-
ਵਧੀਕ ਜ਼ਿਲ੍ਹਾ ਚੋਣਕਾਰ ਅਫਸਰ, ਬਠਿੰਡਾ

**OFFICE OF THE**
**ADDL. DEPUTY COMMISSIONER(R.D.)Cum-**
**ADDL. DISTRICT ELECTORAL OFFICER, BATHINDA**
Zila Parishad Complex, Bathinda)
Phone/Fax No. 0164-2241940,0164-2210738
E-mail : Adeo.btl@gmail.com

2024144420

R/-1

ਨੰਬਰ ਚਸ/2024/635 ਮਿਤੀ 20/11/2024

ਵੱਲ,

ਉਪ-ਮੰਡਲ ਮੈਜਿਸਟਰੇਟ,

ਬਠਿੰਡਾ।

ਵਿਸ਼ਾ :- **ਗ੍ਰਾਮ ਪੰਚਾਇਤ ਚੋਣਾਂ-2024- ਨਥਾਣਾ-2 ਦੇ ਪੋਲਿੰਗ ਸਟਾਫ ਦੀ ਹਾਜਰੀ ਜਮ੍ਹਾਂ ਨਾ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਚੋਣਾਂ-2024 ਦਾ ਰਿਕਾਰਡ ਜੋ ਕਿ ਨਿਮਨਹਸਤਾਖਰ ਦੇ ਦਫਤਰ ਵਿਖੇ ਸਬੰਧਤ ਰਿਟਰਨਿੰਗ ਅਫਸਰਾਂ ਵੱਲੋਂ ਜਮ੍ਹਾਂ ਕਰਵਾਇਆ ਜਾਣਾ ਸੀ। ਪਰੰਤੂ ਨਥਾਣਾ-2 ਅਧੀਨ ਆਉਂਦੀਆਂ ਗ੍ਰਾਮ ਪੰਚਾਇਤਾਂ ਦੇ ਪੋਲਿੰਗ ਸਟਾਫ ਦੀ ਲਿਸਟ ਤਸਦੀਕਸ਼ੁਦਾ ਕਰਕੇ ਹਾਲੇ ਤੱਕ ਇਸ ਦਫਤਰ ਨੂੰ ਨਹੀਂ ਭੇਜੀ ਗਈ। ਜਿਸਦਾ ਨਿਮਨਹਸਤਾਖਰ ਵੱਲੋਂ ਗੰਭੀਰਤਾ ਨਾਲ ਨੋਟਿਸ ਲਿਆ ਗਿਆ ਹੈ। ਇਹਨਾਂ ਚੋਣਾਂ ਸਬੰਧੀ ਵੱਖ-ਵੱਖ ਪੰਚਾਇਤਾ ਦੇ ਨੁਮਾਇੰਦਿਆਂ ਵੱਲੋਂ ਰਿੱਟ ਪਟੀਸ਼ਨਾ ਦਾਖਲ ਕਰਨ ਲਈ ਬਾਰ-ਬਾਰ ਰਿਕਾਰਡ ਦੀ ਮੰਗ ਕੀਤੀ ਜਾ ਰਹੀ ਹੈ। ਪਰ ਇਹ ਦਫਤਰ ਪਾਸ ਆਪ ਵੱਲੋਂ ਰਿਕਾਰਡ ਜਮ੍ਹਾਂ ਨਾ ਕਰਵਾਉਣ ਕਰਕੇ ਇਹ ਰਿਕਾਰਡ ਨੁਮਾਇੰਦਿਆਂ ਨੂੰ ਦੇਣ ਵਿੱਚ ਅਸਮਰੱਥ ਹੈ। ਰਿੱਟ ਪਟੀਸ਼ਨ ਪਾਉਣ ਦਾ ਸਮਾਂ ਵੀ ਨਿਕਲ ਰਿਹਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਥਾਣਾ-2 ਦੇ ਅਧੀਨ ਆਉਂਦਿਆਂ ਗ੍ਰਾਮ ਪੰਚਾਇਤਾਂ ਦੇ ਪੋਲਿੰਗ ਸਟਾਫ ਦੀ ਤਸਦੀਕਸ਼ੁਦਾ ਹਾਜਰੀ ਤੁਰੰਤ ਇਸ ਦਫਤਰ ਨੂੰ ਮੁਹੱਈਆ ਕਰਵਾਈ ਜਾਵੇ ਤਾਂ ਜੋ ਸਮੇਂ ਸਿਰ ਰਿਕਾਰਡ ਦਿੱਤਾ ਜਾ ਸਕੇ। ਰਿਕਾਰਡ ਨਾ ਦੇਣ ਕਰਕੇ ਮਾਣਯੋਗ ਹਾਈ ਕੋਰਟ ਵੱਲੋਂ ਜੇਕਰ ਕੋਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ ਤਾਂ ਹੈ ਤਾਂ ਆਪ ਜੀ ਨਿੱਜੀ ਜਿੰਮੇਵਾਰੀ ਹੋਵੇਗੀ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ।

**ਪਿੱਠ ਅੰਕਣ ਨੰ. ਚੋਣ-2024/636** **ਮਿਤੀ 20/11/2024**

ਉਪਰੋਕਤ ਦਾ ਉਤਾਰਾ:

1. ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਜਾਣਕਾਰੀ ਹਿੱਤ।
2. ਨੋਡਲ ਅਫਸਰ-ਕਮ-ਨਾਇਬ ਤਹਿਸੀਲਦਾਰ, ਨਥਾਣਾ ਨੂੰ ਜਾਣਕਰੀ ਮੁਹੱਈਆ ਕਰਵਾਉਣ ਸਬੰਧੀ।
3. ਰਿਟਰਨਿੰਗ ਅਫਸਰ, ਨਥਾਣਾ-2 ਨੂੰ ਜਾਣਕਾਰੀ ਮੁਹੱਈਆ ਕਰਵਾਉਣ ਸਬੰਧੀ।
4. ਸ੍ਰੀ ਭੁਪਿੰਦਰ ਸਿੰਘ, ਲੈਕਚਰਾਰ-ਕਮ-ਸੈਕਟਰ ਅਫਸਰ, ਪੂਹਲਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਸਬੰਧੀ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4/1 ( )2024/ 6210 ਮਿਤੀ: 20-11-24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

20/11/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।